# Visit of External Affairs Minister to Maldives and Mauritius (February 20-24, 2021)

February 18, 2021

---

# ਵਿਦੇਸ਼ ਮੰਤਰੀ ਦੀ ਮਾਲਦੀਵ ਅਤੇ ਮਾਰੀਸ਼ਸ ਦੀ ਫੇਰੀ (20-24 ਫਰਵਰੀ, 2021)

18 ਫਰਵਰੀ, 2021

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ 20-21 ਫਰਵਰੀ, 2021 ਨੂੰ ਮਾਲਦੀਵ ਅਤੇ 22-23, ਫਰਵਰੀ 2021 ਨੂੰ ਮਾਰੀਸ਼ਸ ਦੀ ਫੇਰੀ ਕਰਨਗੇ।

ਮਾਲਦੀਵ ਦੀ ਫੇਰੀ ਦੌਰਾਨ ਵਿਦੇਸ਼ ਮੰਤਰੀ ਮਹਾਮਹਿਮ ਰਾਸ਼ਟਰਪਤੀ ਇਬਰਾਹੀਮ ਮੁਹੰਮਦ ਸੋਲੇਹ ਅਤੇ ਵਿਦੇਸ਼, ਰੱਖਿਆ, ਵਿੱਤ, ਆਰਥਿਕ ਵਿਕਾਸ ਅਤੇ ਵਿਉਂਤਬੰਦੀ ਅਤੇ ਬੁਨਿਆਦੀ ਢਾਂਚਾ ਦੇ ਮੰਤਰੀਆਂ ਨਾਲ ਠੋਸ ਵਿਚਾਰ ਵਟਾਂਦਰੇ ਕਰਨਗੇ। ਵਿਦੇਸ਼ ਮੰਤਰੀ ਸਪੀਕਰ ਮੁਹੰਮਦ ਨਸ਼ੀਦ ਨੂੰ ਵੀ ਮਿਲਣਗੇ ਅਤੇ ਹੋਰ ਰਾਜਨੀਤਿਕ ਨੇਤਾਵਾਂ ਨਾਲ ਮੁਲਾਕਾਤ ਕਰਨਗੇ। ਇਸ ਮੁਲਾਕਾਤ ਦੌਰਾਨ ਵਿਦੇਸ਼ ਮੰਤਰੀ ਸਾਡੇ ਸਮੁੱਚੇ ਦੁਵੱਲੇ ਸਬੰਧਾਂ ਅਤੇ ਚੱਲ ਰਹੇ ਦੁਵੱਲੇ ਪ੍ਰਾਜੈਕਟਾਂ ਦੀ ਤਰੱਕੀ ਦੀ ਸਮੀਖਿਆ ਕਰਨਗੇ ਅਤੇ COVID ਤੋਂ ਬਾਅਦ ਦੀ ਆਰਥਿਕ ਬਹਾਲੀ ਲਈ ਮਾਲਦੀਵ ਨੂੰ ਭਾਰਤ ਵੱਲੋਂ ਲਗਾਤਰ ਸਹਾਇਤਾ ਸਮੇਤ ਮੌਜੂਦਾ COVID ਦੀ ਸਥਿਤੀ 'ਤੇ ਵਿਚਾਰ ਵਟਾਂਦਰੇ ਕਰਨਗੇ।

ਆਪਣੀ ਮਾਰੀਸ਼ਸ ਯਾਤਰਾ ਦੌਰਾਨ ਵਿਦੇਸ਼ ਮੰਤਰੀ ਮਹਾਮਹਿਮ ਰਾਸ਼ਟਰਪਤੀ ਪ੍ਰਿਥਵੀ ਰਾਜ ਸਿੰਘ ਰੂਪਨ ਅਤੇ ਮਹਾਮਹਿਮ ਪ੍ਰਧਾਨ ਮੰਤਰੀ ਸ਼੍ਰੀ ਪ੍ਰਵਿੰਦ ਜਗਨਾਥ ਨੂੰ ਮਿਲਣਗੇ। ਵਿਦੇਸ਼ ਮੰਤਰੀ ਆਪਣੇ ਹਮਰੁਤਬਾ ਵਿਦੇਸ਼, ਖੇਤਰੀ ਏਕੀਕਰਣ ਅਤੇ ਆਲਮੀ ਵਪਾਰ ਮੰਤਰੀ ਅਤੇ ਜ਼ਮੀਨੀ ਆਵਾਜਾਈ ਅਤੇ ਲਾਈਟ ਰੇਲ ਮੰਤਰੀ ਮਾਣਯੋਗ ਐਲਨ ਗਾਨੂੰ ਨੂੰ ਵੀ ਮਿਲਣਗੇ। ਇਸ ਮੁਲਾਕਾਤ ਦੌਰਾਨ ਵਿਦੇਸ਼ ਮੰਤਰੀ ਸਾਡੇ ਦੁਵੱਲੇ ਸੰਬੰਧਾਂ ਦੇ ਸਾਰੇ ਪਹਿਲੂਆਂ, ਮਾਰੀਸ਼ਸ ਵਿੱਚ ਭਾਰਤ ਦੁਆਰਾ ਬਣਾਏ ਜਾ ਰਹੇ ਵੱਖ-ਵੱਖ ਬੁਨਿਆਦੀ ਪ੍ਰੋਜੈਕਟਾਂ 'ਤੇ  ਚੱਲ ਰਹੇ ਕੰਮ ਦੀ ਸਮੀਖਿਆ ਕਰਨਗੇ ਅਤੇ ਮਾਰੀਸ਼ਸ ਨੂੰ ਭਾਰਤ ਦੀ ਸਹਾਇਤਾ ਸਮੇਤ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕਰਨਗੇ।

ਮਾਲਦੀਵ ਅਤੇ ਮਾਰੀਸ਼ਸ, ਦੋਵੇਂ ਹਿੰਦ ਮਹਾਂਸਾਗਰ ਖੇਤਰ ਵਿਚ ਭਾਰਤ ਦੇ ਪ੍ਰਮੁੱਖ ਸਮੁੰਦਰੀ ਗੁਆਂਢੀ ਹਨ ਅਤੇ ਪ੍ਰਧਾਨ ਮੰਤਰੀ ਦੇ SAGAR (ਖੇਤਰ ਵਿੱਚ ਸਭਨਾ ਲਈ ਸੁਰੱਖਿਆ ਅਤੇ ਵਿਕਾਸ) ਦੇ ਫਲਸਫੇ ਅੰਦਰ ਇਨ੍ਹਾਂ ਦੀ ਖਾਸ ਜਗ੍ਹਾ ਹੈ। ਵਿਦੇਸ਼ ਮੰਤਰੀ ਦੀ ਇਹ ਫੇਰੀ ਭਾਰਤ ਵੱਲੋਂ ਮਾਲਦੀਵ ਅਤੇ ਮਾਰੀਸ਼ਸ ਨਾਲ ਆਪਣੇ ਨੇੜਲੇ ਅਤੇ ਦੋਸਤਾਨਾ ਸੰਬੰਧਾਂ ਨੂੰ ਦਿੱਤੇ ਜਾਣ ਵਾਲੀ ਮਹੱਤਤਾ ਦਾ ਸਬੂਤ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਇਸ ਨਾਲ ਦੋਵਾਂ ਦੇਸ਼ਾਂ ਦਰਮਿਆਨ ਠੋਸ ਭਾਈਵਾਲੀ ਅਤੇ ਮਜ਼ਬੂਤ ਲੋਕ ਪੱਧਰੀ ਸਬੰਧਾਂ ਨੂੰ ਹੋਰ ਰਫਤਾਰ ਮਿਲੇਗੀ।

ਨਵੀਂ ਦਿੱਲੀ

18 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.